**ਧੀਆਂ  ਦੇਸ਼ ਪੰਜਾਬ ਦੀਆਂ**

ਧੀਆਂ  ਦੇਸ਼ ਪੰਜਾਬ ਦੀਆਂ
ਜੋ ਵਿਚ ਵਿਦੇਸ਼ਾਂ ਜਾਂਦੀਆਂ
ਵਿਚ ਵਿਦੇਸ਼ਾਂ ਜਾਂਦੀਆਂ
ਖੇਡਾਂ ਵਿਚ ਜੋਹਰ ਵਿਖਾਂਦੀਆਂ

ਆਪਣੇ ਖਰਚੇ ਜਾਂਦੀਆਂ
ਤਗਮੇ ਜਿਤ ਲਿਆਂਦੀਆਂ
ਕੈਸ਼  ਅਵਾਰਡ ਨਾਂ ਵੀ ਮਿਲਣ
ਫਿਰ ਵੀ ਨਹੀਂ ਕੁਰ੍ਲਾਂਦੀਆਂ

ਖੰਨੇ ਵਾਲੀ ਨੂਰੀ ਨੇ  ਸੀ
ਗੋਲਾ ਦੂਰ ਵਗਾਇਆ
ਕਾਂਸੇ ਦਾ ਸੀ ਮੈਡਲ ਲਿਆਂਦਾ
ਦੇਸ਼ ਦਾ ਨਾਂ ਚਮਕਾਇਆ

ਅਖਾਂ  ਦੀ ਜੋਤੀ ਤੋਂ ਵਾਂਝੀ
ਹੈ ਬਲਵਿੰਦਰ ਨੂਰੀ
ਦੇਸ਼ ਦੀਆਂ ਆਸਾਂ ਤੇ ਲੇਕਿਨ
ਉਤਰੀ ਬਿਲਕੁਲ ਪੂਰੀ

ਬੱਲੇ ਬੱਲੇ ਹੀਨਾ ਸਿਧੂ
ਗੋਲੀਆਂ ਦਾਗਣ ਵਾਲੀ
ਸ਼ਾਰ੍ਪ ਸ਼ੂਟਰ ਕੁੜੀ ਅਸਾਡੀ
ਤਕੜੀ ਹਿਮੱਤ ਵਾਲੀ

ਅਮਨਪ੍ਰੀਤ ਫਿਲੋਰ ਵਾਲੀ
ਝੰਡੇ ਗੱਡ ਕੇ ਆਈ
ਦਖਣ ਏਸੀਆਂ ਗੇਮਾਂ ਵਿਚੋਂ
ਮੈਡਲ ਚਾਰ ਲਿਆਈ

ਕੁਝ ਕੁੜੀਆਂ ਮਜਦੂਰੀ ਕਰ ਕੇ
ਆਪਣਾਂ ਘਰ ਚਲਾਂਦੀਆਂ
ਰੁਖੀ ਸੁਖੀ  ਖਾਂਦੀਆਂ
ਤੇ ਗੇਮਾਂ ਖੇਡਾਂ ਜਾਂਦੀਆਂ

ਚੌਂਕਾ ਚੁਲ੍ਹਾ  ਕਰਦੀਆਂ ਤੇ
ਬਾਅਦ ਚ ਖੇਲਣ ਜਾਂਦੀਆਂ
ਚਾਰੇ  ਪਾਸੀਂ ਹਾਸੇ ਵੰਡਣ
ਮਥੇ ਵਟ ਨਾਂ ਪਾਂਦੀਆਂ

ਧੀਆਂ ਮਾਣ ਪੰਜਾਬ ਦੀਆਂ ਜੋ
ਤਗਮੇ ਜਿਤ ਲਿਆਂਦੀਆਂ
ਕੈਸ਼  ਅਵਾਰਡ ਨਾਂ ਵੀ ਮਿਲਣ
ਫਿਰ ਵੀ ਨਹੀਂ ਕੁਰ੍ਲਾਂਦੀਆਂ

ਧੀਆਂ  ਦੇਸ਼ ਪੰਜਾਬ ਦੀਆਂ
ਜੋ ਵਿਚ ਵਿਦੇਸ਼ਾਂ ਜਾਂਦੀਆਂ
ਵਿਚ ਵਿਦੇਸ਼ਾਂ ਜਾਂਦੀਆਂ
ਖੇਡਾਂ ਵਿਚ ਜੋਹਰ ਵਿਖਾਂਦੀਆਂ